# ਭੀ ਤੇਰੀ ਕੀਮਤਿ ਨਾ ਪਵੈ

**ਸਿਰੀਰਾਗੁ ਮਹਲਾ ੧ ॥**

ਇਹ ਸ਼ਬਦ ਸ੍ਰੀ ਗੁਰੂ ਨਾਨਕ ਸਾਹਿਬ ਨੇ, ਸਿਰੀ ਰਾਗ ਵਿਚ ਉਚਾਰਣ ਕੀਤਾ ਹੈ ਜੋ ਅੰਕ ੧੫ ਤੇ ਸੁਭਾਇਮਾਨ ਹੈ। ਸਿਰੀ ਰਾਗ, ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਰਾਗ ਹੈ। ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਉਪਦੇਸ਼ ਅਨੁਸਾਰ ਸ੍ਰੀ ਰਾਗ ਤਦ ਹੀ ਸ੍ਰੇਸ਼ਟ ਮੰਨਿਆਂ ਜਾ ਸਕਦਾ ਹੈ ਜੇ ਇਸ ਨਾਲ ਸਚ, ਪ੍ਰਭੂ ਨਾਲ ਪ੍ਰੇਮ ਜੁੜ ਜਾਏ - 'ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ॥', ਅੰਕ ੮੩.

This hymn has been uttered by Sri Guru Nanak Sahib, in Siri Rag, a musical scale, and is at page 15. '**Siri Rag can only be considered supreme amongst Ragas, if through it, one enshrines the true love for the True Lord**' - Sri Guru Amardas Sahib.

**ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥**
**ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥**
**ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੧॥**

**ਆਰਜਾ - ਉਮਰ; ਕੋਟਿ ਕੋਟੀ - ਕਰੋੜਾਂ ਵਰ੍ਹਿਆਂ ਦੀ; ਅਪਿਆਉ - ਭੋਜਨ; ਗੁਫੈ - ਗੁਫ਼ਾ, ਭੋਰਾ**

**ਅਰਥ** : ਜੇ ਮੇਰੀ ਕਰੋੜਾਂ ਸਾਲਾਂ ਦੀ ਉਮਰ ਹੋ ਜਾਏ, ਤੇ ਉਸ ਦੌਰਾਨ ਮੇਰਾ ਆਹਾਰ, ਜਲ ਅਤੇ ਭੋਜਨ ਦੀ ਥਾਂ ਤੇ, ਸਿਰਫ਼ ਪੌਣ ਬਣ ਜਾਏ, ਭਾਵ, ਮੈਂ ਪਉਣ-ਅਹਾਰੀ ਬਣ ਜਾਵਾਂ,

**Meaning** : If my life span is millions of years and, only, air becomes my means of subsistence, in place of food and water,

**ਅਰਥ** : ਇਸ ਸਾਰੀ ਉਮਰ ਦੌਰਾਨ, ਮੈਂ ਅਜਿਹੇ ਭੋਰੇ ਵਿਚ ਬੈਠ ਕੇ ਸਿਰਫ਼ ਭਗਤੀ ਕਰਦਾ ਰਹਾਂ ਅਤੇ ਕਦੇ ਵੀ ਬਾਹਰ ਨਿਕਲ ਕੇ ਚੰਨ, ਸੂਰਜ ਵੀ ਨਾ ਵੇਖਾਂ। ਸੁਪਨੇ ਮਾਤਰ ਵੀ ਸੌਣ ਬਾਰੇ ਸੋਚਾਂ ਹੀ ਨਾ। ਭਾਵ, ਸਾਰੀ ਦੀ ਸਾਰੀ, ਕਰੋੜਾਂ ਸਾਲਾਂ ਦੀ ਉਮਰ ਦੌਰਾਨ ਭਗਤੀ ਕਰਨ, ਨਾਮ ਜਪਣ ਤੋਂ ਇਲਾਵਾ ਹੋਰ ਕੋਈ ਵੀ ਕਾਰ ਨਾ ਕਰਾਂ ;

**Exposition** : During such long life, I keep on meditating, doing *Naam Simran*, in a cave. While doing so, I don't happen to even see the sun or the moon. There be no scope of sleeping even in imagination. So for the whole time, I keep on contemplating on God's Name, continuously, non stop ;

**ਅਰਥ** : ਹੇ ਵਾਹਗੁਰੂ ! ਤੇਰੀ ਇਤਨੀ ਸਿਫ਼ਤ ਸਲਾਹ ਕਰਨ ਦੇ ਬਾਵਜੂਦ, ਤੇਰੀ ਕੀਮਤ, ਤੇਰੇ ਗੁਣਾਂ ਦਾ ਥਾਹ ਨਹੀਂ ਪਾਇਆ ਜਾ ਸਕਦਾ।੧।

ਪਾਤਸ਼ਾਹ ਨੇ ਜਪੁ ਬਾਣੀ ਵਿਚ ਵੀ ਫ਼ੁਰਮਾਣ ਕੀਤਾ ਹੈ ਕਿ ਤੇਰੀਆਂ ਸਿਫ਼ਤਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ - 'ਅੰਤੁ ਨ ਸਿਫਤੀ ਕਹਣਿ ਨ ਅੰਤੁ॥..' ਕਈ ਤੇਰੇ ਗੁਣਾਂ ਦਾ ਅੰਤ

ਪਾਉਣ ਲਈ ਵਿਲਕਦੇ ਹਨ, ਤਰਲੇ ਲੈਂਦੇ ਹਨ, ਪਰ ਕੋਈ ਤੇਰੇ ਗੁਣਾਂ ਦਾ ਅੰਤ ਪਾਰਾਵਾਰ ਨਹੀਂ ਪਾ ਸਕਦਾ – 'ਅੰਤ ਕਾਰਣਿ ਕੇਤੇ ਬਿਲਲਾਹਿ॥ ਤਾ ਕੇ ਅੰਤ ਨ ਪਾਏ ਜਾਹਿ॥'

ਸ੍ਰੀ ਗੁਰੂ ਨਾਨਕ ਸਾਹਿਬ, ਅੰਕ ੯ ਤੇ, ਦਸਦੇ ਹਨ ਕਿ ਅਸਲ ਸਚਿਆਈ ਤਾਂ ਇਹ ਹੈ ਕਿ ਪ੍ਰਭੂ ਦੀ ਵਡਿਆਈ, ਕੀਮਤ ਕੋਈ ਨਹੀਂ ਜਾਣ ਸਕਦਾ, ਕਿਉਂਕਿ ਉਸ ਵਰਗਾ ਕੋਈ ਹੋਰ ਹੈ ਹੀ ਨਹੀਂ, ਉਸ ਦਾ ਕਿੰਨਾ ਵਿਸਤਾਰ ਹੈ, ਕੋਈ ਨਹੀਂ ਜਾਣਦਾ – 'ਕੀਮਤਿ ਪਾਇ ਨ ਕਹਿਆ ਜਾਇ॥ ..ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥'

**Exposition** : O God ! By contemplating for even so long, Your Greatness can't be assessed, Your Value can't be determined.1.

As Sri Guru Nanak Sahib says in *Japp Bani* (quoted above in Gurmukhi) that '**His attributes are infinite. Many people long for determining the end but are unable to do so.**'

Sri Guru Nanak Sahib, at page 9, tells that the Ultimate Truth is that, '**none can have any estimate of His Expance, His Greatness, because none is like Him.**'

**ਸਾਚਾ ਨਿਰੰਕਾਰੁ ਨਿਜ ਥਾਇ ॥**

**ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥੧॥ ਰਹਾਉ ॥**

**ਨਿਜ – ਆਪਣੇ ਹੀ; ਆਖਣੁ ਆਖਣਾ – ਗੁਣਾਂ ਦਾ ਬਿਆਨ; ਤਮਾਇ – ਹੋਰ ਕਰਣ ਦੀ ਇਛਾ**

**ਅਰਥ** : ਉਹ, ਸਚ ਸਰੂਪ, ਅਕਾਰ ਰਹਿਤ ਪਰਮੇਸ਼ਰ, ਆਪ ਹੀ, ਆਪਣੀ ਮਹਿਮਾ ਵਿਚ, ਆਪਣੇ ਥਾਂ ਤੇ, ਸਦਾ ਸੁਭਾਇਮਾਨ ਹੈ। ਆਪਣੇ ਹੀ ਥਾਂ, ਆਪਣੇ ਵਰਗਾ ਆਪ ਹੀ, ਸਦਾ ਥਿਰ।

ਸ੍ਰੀ ਗੁਰੂ ਅਰਜਨ ਸਾਹਿਬ, ਅੰਕ ੭੪੬ ਤੇ, ਫ਼ੁਰਮਾਣ ਕਰਦੇ ਹਨ ਕਿ ਉਹ ਅਕਾਲ ਪੁਰਖ, ਪ੍ਰਭੂ, ਪਿਆਰਾ, ਪ੍ਰੀਤਮ, ਸਦਾ ਆਪਣੀ ਆਪ ਦੀ ਥਾਂ ਤੇ ਹੀ ਬਿਰਾਜਮਾਨ ਰਹਿੰਦਾ ਹੈ – 'ਨਿਜ ਮੰਦਰਿ ਪਿਰੀਆ॥' ਜਿਨਾਂ ਮਰਜ਼ੀ ਮੈਂ ਉਸ ਦਾ ਗੁਣ ਗਾਨ ਕਰ ਲਵਾਂ ਉਹ, ਸਦਾ ਹੀ, ਅਹਿਲ ਹੈ। ਮੇਰੇ ਗੁਣ ਗਾਨ ਕਰਣ ਨਾਲ ਨਾ ਉਹ ਵਡਾ ਹੁੰਦਾ ਹੈ, ਨਾ ਮੇਰੇ ਗੁਣ ਗਾਨ ਨਾ ਕਰਣ ਨਾਲ ਉਸ ਦਾ ਕੁਝ ਘਟ ਜਾਂਦਾ ਹੈ, ਜਿਵੇਂ, ਪਾਤਸ਼ਾਹ, ਦੋ ਥਾਈਂ ਬਿਆਨ ਕੀਤਾ ਹੈ ਕਿ ਵਧ ਤੋਂ ਵਧ ਵੀ ਗੁਣ ਗਾਨ ਕਰ ਲੈਣ ਨਾਲ ਵੀ ਉਸਦੀ ਕੀਮਤ ਨਹੀਂ ਪਾਈ ਜਾ ਸਕਦੀ। ਜੇ ਸਾਰੇ ਵੀ ਮਿਲ ਕੇ ਉਸ ਦੇ, ਸੇਖਨਾਗ (ਸ਼ੇਸ਼ਨਾਗ) ਵਾਂਙ, ਅਨੇਕਾਂ ਗੁਣਾਂ ਦਾ ਉਚਾਰਣ ਵੀ ਕਰ ਲੈਣ, ਤਾਂ ਵੀ ਉਹ, ਆਪਣੇ, ਅਚਲ, ਨਿਜ ਸਰੂਪ ਵਿਚ ਟਿਕਿਆ ਰਹਿੰਦਾ ਹੈ, ਵਡਾ, ਛੋਟਾ ਹੋਣ ਦੀ ਗੁੰਜਾਇਸ਼ ਹੀ ਨਹੀਂ – '...ਵਡਾ ਨ ਹੋਵੈ ਘਾਟਿ ਨ ਜਾਇ।।', ਅੰਕ ੯. ਇਸੇ ਤਰ੍ਹਾਂ ਦਸਮ ਪਾਤਸ਼ਾਹ ਵੀ, ਅਕਾਲ ਉਸਤਤਿ ਵਿਚ ਫ਼ੁਰਮਾਣ ਕਰਦੇ ਹਨ – 'ਨ ਘਾਟਿ ਹੈ ਨ ਬਾਢ ਹੈ ਨ ਘਾਟਿ ਬਾਢਿ ਹੋਤ ਹੈ।।'

**Exposition** : God, who is True, Devoid of Form, is eternally Existent in His own unmoved Position, even though as much

as I utter His Greatness.

Sri Guru Arjan Sahib tells at page 746, '**He remains, unmoved, in His Own Dwelling place.**' '**He neither becomes taller nor becomes smaller.**' Guru Nanak himself clarifies this fact, in *Rag Asa*, at Page 9 and 349, that '**as much as we sing His praise, there is no scope of His becoming Greater or Lesser, He always remains the same**' – 'ਵਡਾ ਨ ਹੋਵੈ ਘਾਟਿ ਨ ਜਾਇ।।' Likewise Guru Gobind Singh also has commented on this fact, in His composition, Akal Ustat – 'ਨ ਘਾਟਿ ਹੈ ਨ ਬਾਢ ਹੈ ਨ ਘਾਟਿ ਬਾਢਿ ਹੋਤ ਹੈ।।' meaning thereby – '**He becomes thereby neither greater nor belittled, nor there is such scope.**'

Even, '**SekhNag** (Sheshnaag)**, with his innumerable tongues tried to utter all His numerous Names but could not see an end to it.**'

**ਅਰਥ** : ਅਨੇਕਾਂ ਧਰਮ ਗ੍ਰੰਥੀਆਂ ਜਾਂ ਧਰਮ ਸ਼ਾਸਤਰੀਆਂ ਆਦਿ ਤੋਂ ਸੁਣ ਸੁਣ ਕੇ ਮੈਂ, ਭਾਵੇਂ ਤੇਰੇ ਕਿੰਨੇ ਹੀ ਗੁਣਾਂ ਦਾ ਬਿਆਨ ਕਰੀ ਜਾਵਾਂ, ਉਹ ਫ਼ਿਰ ਵੀ ਥੋੜ੍ਹੇ ਹੀ ਰਹਿਣਗੇ। ਪਰ, ਹੇ ਵਾਹਗੁਰੂ ! ਤੈਨੂੰ ਭਾਉਂਦਾ ਹੈ, ਤਦ ਹੀ ਤੂੰ ਜੀਵ ਦੇ ਮਨ ਵਿਚ, ਹੋਰ ਹੋਰ, ਨਾਮ ਜਪਣ ਜਾਂ ਸਿਫ਼ਤ ਸਲਾਹ ਕਰਨ ਦੀ ਤਮਾਂ ਜਾ ਇਛਾ ਜਾਂ ਰੁਚੀ ਪੈਦਾ ਕਰਦਾ ਹੈਂ। ਸ਼ਬਦ ਦਾ ਇਹੀ ਭਾਵ ਹੈ ਕਿ ਸਿਰਫ਼, ਹੋਰਾਂ ਤੋਂ ਸੁਣ ਸੁਣ ਕੇ ਨਹੀਂ, ਸਗੋਂ ਪ੍ਰਭੂ ਦੀ ਕਿਰਪਾ, ਅਤੇ ਉਸ ਦੇ ਭਾਣੇ ਨਾਲ ਹੀ ਨਾਮ ਜਪਣ ਦੀ ਇਛਾ ਦਾ ਜਨਮ ਹੁੰਦਾ ਹੈ।੧।ਰਹਾਉ।

ਜਪੁ ਬਾਣੀ ਵਿਚ ਪਾਤਸ਼ਾਹ ਨੇ ਬਚਨ ਕੀਤੇ ਹਨ ਕਿ ਅਕਾਲ ਪੁਰਖ ਦੇ ਗੁਣਾਂ ਦਾ ਕੋਈ ਵੀ ਅੰਤ ਨਹੀਂ ਪਾ ਸਕਦਾ। ਨਾ ਹੀ ਉਸਦੇ ਕੀਤੇ ਦਾ, ਭਾਵ, ਉਸ ਦੀ ਕੀਤੀ ਹੋਈ ਰਚਨਾ ਦਾ, ਨਾ ਹੀ ਉਸ ਦੀਆਂ ਦਾਤਾਂ ਦਾ... – 'ਅੰਤੁ ਨ ਸਿਫਤੀ ਕਹਣਿ ਨ ਅੰਤੁ॥ ਅੰਤੁ ਨ ਕਰਣੈ ਦੇਣਿ ਨ ਅੰਤੁ॥...'

**Exposition** : By listening to the Scriptures or to their interpretations etc. one may continue to contemplate upon any number of His attributes but can't make any estimate of His Values or Greatness, rather, only out of His Will and His Grace, He instills the yearning or craving to meditate upon His Name.1.Pause.

Sri Guru Nanak Sahib, in his own Bani '**Japp**' that '**neither one can find an end to His Praises or His creation or His Gifts to us all.**' – P. 5.

**ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥**
**ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥**

ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੨॥

**ਕੁਸਾ – ਘਾਹ; ਕਟੀਆ – ਕਟਣਾ; ਅਗੀ ਸੇਤੀ – ਅੱਗ ਵਿਚ ਜਾਂ ਨਾਲ; ਭਸਮ – ਸੁਆਹ**

**ਅਰਥ** : ਮੈਂ, ਇਸ ਤਰ੍ਹਾਂ ਦੀ ਤਪਸਿਆ, ਹਠ ਜੋਗ, ਕਰਾਂ ਕਿ ਘਾਹ ਵਾਂਙ ਆਪਣੇ ਆਪ ਨੂੰ ਵਾਰ ਵਾਰ, ਕਟ ਸੁਟਾਂ ਅਤੇ ਉਨ੍ਹਾਂ ਟੋਟਿਆਂ ਨੂੰ ਚੱਕੀ ਵਿਚ ਪਾ ਕੇ ਪੀਹ ਦਿਆਂ

**Exposition** : Even if, I cut my body into small pieces, like grass is cut, again and again and further, grind these, like grain in the grinding mill.

**ਅਰਥ** : ਅਤੇ ਇਸ ਤੋਂ ਵੀ ਵੱਧ, ਮੈਂ, ਬੇਸ਼ੱਕ ਆਪਣੇ ਆਪ ਨੂੰ ਅੱਗ ਵਿਚ ਪਾ ਕੇ ਜਲਾ ਦਿਆਂ ਅਤੇ ਸੁਆਹ ਵਿਚ ਰਲ ਜਾਵਾਂ।

**Exposition** : And further more, if I burn myself in the fire and be mixed like ash, in soil of earth.

**ਅਰਥ** : ਆਪਣੇ ਆਪ ਨੂੰ ਇਤਨੇ ਕਸ਼ਟ ਦਿੰਦਿਆਂ ਹੋਇਆਂ, ਮੈਂ, ਜਿੰਨਾ ਮਰਜ਼ੀ, ਤੇਰਾ ਚਿੰਤਨ ਕਰਾਂ। ਪਰ ਫ਼ਿਰ ਵੀ ਤੇਰਾ ਅੰਤ ਪਾਰਾਵਾਰ ਨਹੀਂ ਪਾਇਆ ਜਾ ਸਕਦਾ।੨।

ਭਾਵ – ਇਨ੍ਹਾਂ ਪੰਕਤੀਆਂ ਵਿਚ, ਸ੍ਰੀ ਗੁਰੂ ਨਾਨਕ ਪਾਤਸ਼ਾਹ ਫ਼ੁਰਮਾਣ ਕਰ ਰਹੇ ਹਨ ਕਿ ਵਖ ਵਖ ਤਰੀਕਿਆਂ ਨਾਲ, ਸਰੀਰ ਨੂੰ ਕਸ਼ਟ ਦੇ ਕੇ, ਜਿੰਨਾ ਮਰਜ਼ੀ ਔਖੇ ਹੋ ਕੇ, ਪਰਮੇਸ਼ਰ ਦਾ ਚਿੰਤਨ ਕਰੀਏ, ਉਸ ਦਾ ਅੰਤ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਭਗਤ ਨਾਮਦੇਵ ਜੀ ਨੇ ਵੀ ਅੰਕ ੯੭੩ ਤੇ , ਅਜਿਹੇ, ਬੇਲੋੜੇ ਸਰੀਰਕ ਕਸ਼ਟਾਂ ਨੂੰ ਨਿਰੱਰਥਕ ਦਸਿਆ ਹੈ – 'ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ॥...ਰਾਮ ਨਾਮ ਸਰਿ ਤਉ ਨ ਪੂਜੈ॥', ਭਾਵ, ਬਨਾਰਸ ਵਿਚ ਰਹਿ ਕੇ ਪੁੱਠਾ ਲਟਕ ਕੇ ਤਪ ਕਰੇ, ਤੀਰਥ ਤੇ ਹੀ ਮਰੇ, ਆਪਣੇ ਆਪ ਨੂੰ ਅੱਗ ਵਿਚ ਸਾੜ ਦਏ, ਕਾਇਆ ਨੂੰ ਚਿਰੰਜੀਵੀ ਬਣਾ ਲਏ ਤਾਂ ਵੀ ਵਿਅਰਥ ਹੈ। ਇਹ ਸਭ ਕੁਝ ਨਾਮ ਸਿਮਰਣ ਦੀ ਬਰਾਬਰੀ ਨਹੀਂ ਕਰ ਸਕਦੇ।

ਸ੍ਰੀ ਗੁਰੂ ਨਾਨਕ ਸਾਹਿਬ ਨੇ ਵੀ, ਅੰਕ ੧੪੧੧ ਤੇ, ਸਪੱਸ਼ਟ ਕੀਤਾ ਹੈ ਕਿ ਹੇ ਮਨੁਖ ! ਤੇਰੇ ਸਰੀਰਕ ਅੰਗਾਂ ਨੇ ਤੇਰਾ ਕੀ ਵਿਗਾੜਿਆ ਹੈ, ਜੋ ਤੂੰ ਇਨ੍ਹਾਂ ਨੂੰ ਇਤਨਾ ਕਸ਼ਟ ਦੇ ਰਿਹਾ ਹੈਂ, ਆਪਣੇ ਅੰਦਰ ਹੀ ਪ੍ਰਭੂ ਦਾ ਨਾਮ ਜਪ – 'ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ॥ ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਸਮ੍ਹਾਲਿ॥'

**Exposition** : O God ! By contemplating on You, by putting oneself to too many austerities and severe penances, as an ascetic, Your Greatness can't be assessed, Your Value can't be determined.2.

In the above lines, this is conveyed that all types of penances and austerities, practised by various ascetics, are of no consequential value. By torturing, one's own body, in so many ways, one can't find His entirety. Bhagat Namdev ji has also made it clear, on page 973, '**that all such bodily tortures are futile and Naam Simran is Supreme**' – 'ਬਾਨਾਰਸੀ

ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ।।...ਰਾਮ ਨਾਮ ਸਰਿ ਤਊ ਨ ਪੂਜੈ।।' meaning thereby, '**even if by living in sacred city like Banaras, one may perform such austerities, die upside down, burn one's body in fire or rejuvenate body to life forever, all these penances and austerities can't match the significance of *Naam Simran*.**' Sri Guru Nanak Sahib has also preached about futility of such penances, at page 1411, that '**O human! Why are you punishing your organs by heating them in some kind of oven or burning your bones like firewood, what wrong they have done to you. Just have remembrance of your loving Husband-God in your heart ?**' - 'ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ॥ ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਸਮ੍ਹਾਲਿ॥'

**ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥**
**ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥**
**ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੩॥**

**ਭਵਾ - ਭ੍ਰਮਣ ਕਰਾਂ; ਸੈ - ਸੈਂਕੜੇ; ਨਦਰੀ - ਨਜ਼ਰ ਆਉਣਾ**

**ਅਰਥ :** ਜੇ ਮੈਂ ਆਪਣੀ ਕਮਾਈ ਹੋਈ ਸਿੱਧੀ ਆਦਿ ਸ਼ਕਤੀਆਂ ਦੇ ਜ਼ੋਰ ਤੇ, ਪੰਛੀਆਂ ਵਾਂਙੂੰ, ਅਸਮਾਨ ਵਿਚ ਉਡਾਰੀਆਂ ਵੀ ਮਾਰੀ ਜਾਵਾਂ, ਇਥੋਂ ਤਕ ਕਿ, ਸੈਂਕੜੇ ਅਸਮਾਨਾਂ, ਭਾਵ, ਲੋਕਾਂ ਤਕ ਹੋ ਆਵਾਂ। ਇਤਨੀ ਸਮਰੱਥਾ ਵੀ ਰਖਾਂ ਕਿ ਜਦ ਮਰਜ਼ੀ ਉਥੇ ਜਾਵਾਂ ਆਵਾਂ, (ਇਹ ਸਮਰਥਾ ਅਜੇ ਮਨੁਖ, ਆਪਣੀਆਂ ਵਿਗਿਆਨਕ ਈਜਾਦਾਂ ਨਾਲ, ਗ੍ਰਹਿਣ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਸਿਰਫ਼ ਅਜੇ, ਔਖਾ ਸੌਖਾ ਚੰਨ ਤਕ ਹੀ ਪੁਜਿਆ ਹੈ।)
ਸ੍ਰੀ ਗੁਰੂ ਅਮਰਦਾਸ ਸਾਹਿਬ, ਅੰਕ ੧੪੨੦ ਤੇ, ਫ਼ੁਰਮਾਣ ਕਰਦੇ ਹਨ ਕਿ ਭਾਵੇਂ ਮੈਂ ਪੰਛੀ ਬਣ ਕੇ ਸਾਰੀ ਧਰਤੀ ਵੀ ਫਿਰ ਲਵਾਂ ਅਤੇ ਉਡਾਰੀ ਮਾਰ ਕੇ ਅਸਮਾਨ ਵਿਚ ਵੀ ਜਾ ਆਵਾਂ ਤਾਂ ਵੀ ਮੇਰੀ ਤ੍ਰਿਸ਼ਨਾ, ਉਸ ਅੰਮ੍ਰਿਤ ਬੂੰਦ ਨਾਲ ਹੀ ਮਿਟੇਗੀ ਜੋ ਸਚੇ ਗੁਰੂ ਦੇ ਮਿਲਣ ਤੇ ਹੀ ਪ੍ਰਾਪਤ ਹੋਣੀ ਹੈ - 'ਬਾਬੀਹਾ ਸਗਲੀ ਧਰਤੀ ਜੇ ਫਿਰਹਿ ਊਡਿ ਚੜਹਿ ਆਕਾਸਿ॥ ਸਤਿਗੁਰਿ ਮਿਲਿਐ ਜਲੁ ਪਾਈਐ ਚੂਕੈ ਭੂਖ ਪਿਆਸ॥'

**Exposition :** If I acquire spiritual, miraculous powers, as result of my contemplation along with penances, like a bird, I fly to several skies or multiverse at will,
Sri Guru Amardas Sahib, at page 1420, make it clear that '**Even I become bird and wanders through the entire earth and flies as high as sky, even then, the clinging desires can be satiated only by the drop of nectar-*Naam*, which is provided by the True Guru, only after I find His company.**'

**ਅਰਥ** : ਇਤਨਾ ਸੂਖਮ ਹੋ ਜਾਵਾਂ ਕਿ ਕਿਸੇ ਨੂੰ ਨਜ਼ਰ ਹੀ ਨਾ ਆਵਾਂ ; ਕੁਝ ਖਾਣ ਪੀਣ ਦੀ ਲੋੜ ਵੀ ਮੁਕ ਜਾਏ ;

**Exposition** : Even if I am able to become so subtle, that, I am not seen by anyone and I, in deep penances, transcend the requirement of food or water intake for my subsistence ;

**ਅਰਥ** : ਇਤਨਾ ਕੁਝ ਹੁੰਦਿਆਂ ਵੀ, ਮੈਂ ਜਿੰਨਾ ਮਰਜ਼ੀ, ਵਾਹਗੁਰੂ ਤੇ ਚਿੰਤਨ ਕਰਾਂ, ਤੇਰੇ ਗੁਣਾਂ ਦਾ ਕੋਈ ਅੰਤ ਪਾਰਾਵਾਰ ਨਹੀਂ ਪਾਇਆ ਜਾ ਸਕਦਾ।੩।

**Exposition** : Even by acquiring such miraculous and spiritual powers, as much as I may contemplate on Your Name, I can't determine Your Value or Greatness.3.

**ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥**
**ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥**
**ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪॥੨॥**

**ਕਾਗਦ – ਕਾਗਜ਼; ਮਣਾ – ਕਈ ਮਣ, ਇਕ ਮਣ–੪੦ ਸੇਰ ਦਾ; ਮਸੂ – ਸਿਆਹੀ; ਲੇਖਣਿ – ਕਲਮ ਨਾਲ ਲਿਖਣਾ**

**ਅਰਥ** : ਸ੍ਰੀ ਗੁਰੂ ਨਾਨਕ ਪਾਤਸ਼ਾਹ, ਪਹਿਲੇ ਸਰੂਪ ਵਿਚ, ਫੁਰਮਾਣ ਕਰਦੇ ਹਨ ਕਿ ਭਾਵੇਂ ਲੱਖਾਂ ਮਣ ਕਾਗਜ਼ਾਂ, ਭਾਵ, ਧਰਮ ਗ੍ਰੰਥਾਂ ਦੇ ਵਿਚ, ਪਰਮਾਤਮਾ ਦੀ ਵਡਿਆਈ ਪੜ੍ਹ ਪੜ੍ਹ ਕੇ, ਪ੍ਰਭੂ ਲਈ ਪ੍ਰੇਮ ਪੈਦਾ ਕੀਤਾ ਜਾਏ ;

**Exposition** : Sri Guru Nanak Sahib, in his first form, says, that even if I read millions of, mounds of pages of Scriptures about the Greatness of God and by virtue of the mysterious contents therein, I create Love for His Greatness,

**ਅਰਥ** : ਉਨ੍ਹਾਂ ਲਖਾਂ ਮਣਾਂ ਕਾਗਜ਼ਾਂ ਤੇ ਪਰਮਾਤਮਾ ਦੀ ਵਡਿਆਈ ਲਿਖਣ ਲਈ, ਸਿਆਹੀ ਦੀ ਕਦੇ ਕਮੀ ਨਾ ਆਵੇ, ਭਾਵ, ਕਦੇ ਮੁਕੇ ਹੀ ਨਾ, ਅਤੇ ਲਿਖਣ ਵਾਲੀ ਕਲਮ ਦੀ ਰਫ਼ਤਾਰ, ਪੌਣ, ਹਵਾ ਵਰਗੀ ਤੇਜ਼ ਹੋ ਜਾਏ, ਭਾਵ ਅਨੇਕਾਂ ਧਰਮ ਗ੍ਰੰਥ ਬਣ ਜਾਣ ;

**Exposition** : If, in the process of writing His Greatness on those millions of mounds of papers, the ink may never be in short supply or never finishes, and the speed of writing by the pen be as fast as wind, meaning thereby, that so many Scriptures are created, describing His Greatness;

**ਅਰਥ** : ਇਤਨਾ ਸਭ ਕੁਝ ਹੋਣ ਦੇ ਬਾਵਜੂਦ, ਹੇ ਵਾਹਿਗੁਰੂ ! ਤੇਰਾ ਜੱਸ, ਤੇਰੀ ਸਿਫ਼ਤ ਨੂੰ ਕਿਹਾ ਨਹੀਂ ਜਾ ਸਕਦਾ, ਜਿਤਨਾ ਮਰਜ਼ੀ ਮੈਂ ਆਖੀ ਜਾਵਾਂ।੪।੨।

**Exposition** : Inspite of all this, all Your Greatness still eludes me, I can't find an end to Your Greatness.4.2.

ਸ੍ਰੀ ਗੁਰੂ ਨਾਨਕ ਸਾਹਿਬ, ਜਪੁ ਬਾਣੀ ਵਿਚ ਉਚਾਰਣ ਕੀਤਾ ਹੈ ਕਿ, ਭਾਵੇਂ ਚਾਰੇ ਜੁਗਾਂ ਜਿਤਨੀ ਉਮਰ ਹੋ ਜਾਏ, ਹੋਰ ਵੀ ਦਸ ਗੁਣਾ ਹੋ ਜਾਏ, ਨੌਂ ਖੰਡਾਂ ਵਿਚ ਜਾਣੇ ਜਾਈਏ, ਸਾਰੇ ਸਾਡੇ ਨਾਲ, ਅਨੁਸਾਰ ਚਲਣ। ਸਾਡਾ ਬਹੁਤ ਚੰਗਾ ਨਾਂ ਹੋਵੇ, ਸਭ ਪਾਸੇ ਸਾਡਾ ਹੀ ਜੱਸ ਹੋਵੇ, ਪਰ, ਜੇ ਵਾਹਗੁਰੂ ਦੀ ਮਿਹਰ, ਕਿਰਪਾ ਨਾ ਪ੍ਰਾਪਤ ਹੋਵੇ ਤਾਂ, ਅਖੀਰ, ਸਭ ਬੇਕਾਰ ਹੋ ਜਾਏਗਾ, ਕੋਈ ਬਾਤ ਹੀ ਨਹੀਂ ਪੁਛੇਗਾ – 'ਜੇ ਜੁਗ ਚਾਰੇ ਆਰਜਾ  ਹੋਰ ਦਸੂਣੀ ਹੋਇ॥ ਨਵਾ ਖੰਡਾ ਵਿਚਿ ਜਾਣੀਐ  ਨਾਲਿ ਚਲੈ ਸਭੁ ਕੋਇ॥ ਚੰਗਾ ਨਾਉ ਰਖਾਇ ਕੈ  ਜਸੁ ਕੀਰਤਿ ਜਗਿ ਲੇਇ॥ ਜੇ ਤਿਸੁ ਨਦਰਿ ਨ ਆਵਈ  ਤ ਵਾਤ ਨ ਪੁਛੈ ਕੇ॥'

ਸ੍ਰੀ ਗੁਰੂ ਅਰਜਨ ਸਾਹਿਬ, ਅੰਕ ੪੫੮ ਤੇ, ਫ਼ੁਰਮਾਣ ਕਰਦੇ ਹਨ ਕਿ ਜੇ ਸਾਰੀ ਧਰਤੀ ਕਾਗ਼ਜ਼ ਬਣ ਜਾਏ, ਸਾਰੀ ਬਨਸਪਤੀ ਕਲਮ ਬਣ ਜਾਏ, ਹਵਾ ਲਿਖਾਰੀ ਬਣ ਜਾਏ, ਤਾਂ ਵੀ ਉਸ ਬੇਅੰਤ ਪ੍ਰਭੂ ਦੇ ਜਸ ਦਾ ਅੰਤ ਨਹੀਂ ਪਾਇਆ ਜਾ ਸਕਦਾ, ਉਸਦੀ ਸ਼ਰਣ ਵਿਚ ਜਾਣਾ ਹੀ ਉਚਿਤ ਹੈ – 'ਬਸੁਧ ਕਾਗਦ  ਬਨਰਾਜ ਕਲਮਾ  ਲਿਖਣ ਕਉ ਜੇ ਹੋਇ ਪਵਨ॥ ਬੇਅੰਤ ਅੰਤੁ ਨ ਜਾਇ ਪਾਇਆ  ਗਹੀ ਨਾਨਕ ਚਰਣ ਸਰਨ॥' ਭਗਤ ਕਬੀਰ ਜੀ ਨੇ, ਅੰਕ ੧੩੬੮ ਤੇ, ਇਸੇ ਤਰ੍ਹਾਂ ਦੇ ਹੀ ਸ਼ਬਦ ਵਰਤੇ ਹਨ – 'ਕਬੀਰ  ਸਾਤ ਸਮੁੰਦਹਿ ਮਸੁ ਕਰਉ  ਕਲਮ ਕਰਉ ਬਨਰਾਇ॥ ਬਸੁਧਾ ਕਾਗਦੁ ਜਉ ਕਰਉ  ਹਰਿ ਜਸੁ ਲਿਖਨੁ ਨ ਜਾਇ॥'

Sri Guru Nanak Sahib says in *Japp Bani* that, '**if it so happens that one has life span of four *Jugs* or myriads, and it becomes ten times more, one is known in all the ten spheres of the earth, every one becomes the follower, one's name is famous and everywhere there is one's fame BUT if God's Grace is missing, nothing remains and everything becomes useless.**'

Sri Guru Arjan Sahib tells that '**even if the whole of the earth becomes paper, whole vegetation pen and the wind becomes the writer, still the Greatness of God can't be penned in toto. Much better is to take the refuge of the True Lord.**' Bhagat Kabir ji, as quoted above, has also expressed the same thought at page 1368.

**ਸ਼ਬਦ ਦਾ ਭਾਵ ਅਰਥ** : ਇਸ ਸ਼ਬਦ ਵਿਚ, ਸ੍ਰੀ ਗੁਰੂ ਨਾਨਕ ਸਾਹਿਬ ਨੇ ਦਸਿਆ ਹੈ ਕਿ ਮਨੁਖ, ਜਿਤਨੀ ਮਰਜ਼ੀ, ਤਪ ਸਾਧਨਾ ਅਤੇ ਅਕਾਲ ਪੁਰਖ ਦੀ ਵਡਿਆਈ ਕਰ ਲਏ, ਆਪਣੀ ਮਿਹਨਤ ਅਤੇ ਜ਼ੋਰ ਨਾਲ, ਪ੍ਰਭੂ ਦੀ ਵਡਿਆਈ ਦਾ, ਅੰਤ ਪਾਰਾਵਾਰ, ਨਹੀਂ ਪਾਇਆ ਜਾ ਸਕਦਾ। ਭਾਵੇਂ, ਆਪਣੀ ਤਪ ਸਾਧਨਾ ਨੂੰ ਵਧਾਉਣ ਲਈ, ਉਹ, ਵਡੀਆਂ ਤੋਂ ਵਡੀਆਂ ਅਧਿਆਤਮਕ ਸ਼ਕਤੀਆਂ ਵੀ ਵਰਤ ਲਏ, ਤਾਂ ਵੀ ਇਹ, ਮਨੁਖ ਦਾ ਦਾਈਆ ਨਹੀਂ ਬਣ ਸਕਦੀਆਂ। ਇਸ ਕਰਕੇ ਵਧ ਸਿਮਰਨ ਦਾ ਮਾਣ ਵਿਅਰਥ ਹੈ, ਕਿਉਂਕਿ ਇਹ ਕਦੇ ਵੀ ਕਾਫ਼ੀ ਨਹੀਂ ਹੁੰਦਾ। ਸ੍ਰੀ ਗੁਰੂ ਅੰਗਦ ਸਾਹਿਬ, ਅੰਕ ੭੯੨ ਤੇ, ਫ਼ੁਰਮਾਣ ਕਰਦੇ ਹਨ ਕਿ ਹੇ ਪ੍ਰਭੂ ! ਤੇਰੀ ਵਡਿਆਈ ਵਡੀ ਹੈ, ਮੈਂ, ਇਕ ਨਿੱਕਾ ਜਿਹਾ ਕੀੜਾ ਤੇਰੀ ਕਿ ਵਡਿਆਈ ਕਰ ਸਕਦਾ ਹਾਂ – 'ਹਉ ਕਿਆ ਸਾਲਾਹੀ ਕਿਰਮ ਜੰਤੁ  ਵਡੀ ਤੇਰੀ ਵਡਿਆਈ॥'

ਸ੍ਰੀ ਗੁਰੂ ਨਾਨਕ ਪਾਤਸ਼ਾਹ, ਅੰਕ ੧੬ ਤੇ, ਅਸਲ ਉਪਦੇਸ਼ ਫ਼ੁਰਮਾਉਂਦੇ ਹਨ ਕਿ ਹੇ ਮਨੁਖ ! ਸੰਸਾਰੀ ਮੋਹ ਦੇ ਬੰਧਨ ਨੂੰ ਉਸ ਘਸਾ ਕੇ, ਭਾਵ ਖ਼ਤਮ ਕਰ ਕੇ, ਸਿਆਹੀ ਬਣਾ ਲੈ, ਆਪਣੀ ਸੋਹਣੀ ਮੱਤ ਨੂੰ ਵਧੀਆ ਕਾਗਜ਼ ਬਣਾ ਲੈ। ਭਾਉ, ਪ੍ਰੇਮ ਭਾਵਨਾ ਨੂੰ ਕਲਮ ਬਣਾ, ਪ੍ਰਭੂ ਦੇ ਚਰਣਾਂ ਵਿਚ ਲਗਾਏ ਚਿਤ ਨੂੰ ਲਿਖਾਰੀ ਬਣਾ ਅਤੇ ਗੁਰੂ ਤੋਂ ਪੁਛ ਕੇ, ਉਸਦੀ ਸਿਖਿਆ ਲੈ ਕੇ ਵਾਹਗੁਰੂ ਦੇ ਵੀਚਾਰ, ਭਾਵ, ਉਸਤਤ ਨੂੰ ਲਿਖ। ਇੰਞ, ਉਸ ਦੀ ਉਸਤਤ ਲਿਖੀ ਜਾ ਅਤੇ ਲਗਾਤਾਰ ਲਿਖੀ ਜਾ, ਜਿਸ ਦਾ ਕੋਈ ਅੰਤ ਪਾਰਾਵਾਰ ਨਹੀਂ। ਜੇ ਤੂੰ ਇਸ ਤਰ੍ਹਾਂ ਦੇ ਲੇਖ ਲਿਖਣ ਦੀ ਜਾਚ ਸਿਖ ਲਵੇਂ ਤਾਂ ਜਿਥੇ ਜੀਵਾਂ ਦਾ ਲੇਖਾ ਲਿਆ ਜਾਂਦਾ ਹੈ, ਭਾਵ, ਧਰਮ ਰਾਜ ਦੇ ਦਫ਼ਤਰ, ਉਥੇ ਇਹ ਤੇਰਾ ਲਿਖਿਆ ਲੇਖਾ ਤੇਰੇ ਮੱਥੇ ਤੇ ਲਗੀ ਮੋਹਰ ਨਜ਼ਰ ਆਏਗਾ ਤੇ ਉਥੇ ਤੇਰਾ ਲੇਖਾ ਨਹੀਂ ਰਹਿ ਜਾਏਗਾ - 'ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥ ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ॥ ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ॥.. ਬਾਬਾ ਏਹੁ ਲੇਖਾ ਲਿਖਿ ਜਾਣੁ।। ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥'

**Essence of the Hymn**: In this hymn, Sri Guru Nanak Sahib expresses the human inability to find the end to the Greatness of God, even by contemplating, using all, seeming to be impossible, spiritual powers. The message is that, none should feel proud of one's penances or *Bhagti* or *Simran*. How much so ever *Simran*, one may do, it is never sufficient. Sri Guru Angad Sahib exclaims at page 792, '**the Greatness of God is so Great, how can I explain all, being a small, meagre worm !**'

Sri Guru Nanak Sahib shows the right path, at page 16, and asks the human, "**Control all worldly attachments and grind these into ink, use your pious intellect as good quality paper. Make the devotional love for God as pen and your pure consciousness, the writer and then write the Greatness of God, that too, only under the continuous guidance of your Guru. Write only the Praise of the Lord, keep on writing, as there is no end to it. O pious man ! If you learn such types of writing, then, when you would go to *Dharamraj*, hereafter, your such writing will be visible on your forehead as a clearing Stamp and you will be unabashed and declared flawless.**"